OFFICE OF THE
DIRECTOR GENERAL OF
POLICE PUNJAB,
CHANDIGARH.

ਦਫਤਰ,
ਡਾਇਰੈਕਟਰ ਜਨਰਲ ਪੁਲਿਸ , ਪੰਜਾਬ,
ਚੰਡੀਗੜ੍ਹ ।

ਪ੍ਰਸ਼ਾਸਨ ਵਿੰਗ
(ਅਮਲਾ-1 ਸ਼ਾਖਾ)

ਵੱਲ

1. ਡੀ.ਜੀ.ਪੀ, ਇੰਟੈਲੀਜੈਂਸ, ਪੰਜਾਬ, ਚੰਡੀਗੜ੍ਹ।
2. ਡਾਇਰੈਕਟਰ, ਬਿਓਰੋ ਆਫ ਇਨਵੈਸਟੀਗੇਸਨ, ਪੰਜਾਬ, ਚੰਡੀਗੜ੍ਹ।
3. ਏ.ਡੀ.ਜੀ.ਪੀ, ਆਰਮਡ ਬਨਜ:, ਜਲੰਧਰ।
4. ਏ.ਡੀ.ਜੀ.ਪੀ, ਜੀ.ਆਰ.ਪੀ, ਪੰਜਾਬ, ਪਟਿਆਲਾ।
5. ਮੁੱਖ ਡਾਇਰੈਕਟਰ, ਵਿਜੀਲੈਂਸ ਬਿਊਰੋ, ਪੰਜਾਬ, ਚੰਡੀਗੜ੍ਹ।
6. ਸਮੂਹ ਕਮਿਸ਼ਨਰੇਟ ਪੁਲਿਸ, ਪੰਜਾਬ।
7. ਸਮੂਹ ਰੇਂਜ ਆਈ.ਜੀ.ਪੀ, ਪੰਜਾਬ।

ਯਾਦ ਪੱਤਰ ਨੰ:10697-712 /ਈ-1(1)ਮਿਤੀ, ਚੰਡੀਗੜ੍ਹ: 28/8/18

ਵਿਸ਼ਾ :- ਪੰਜਾਬ ਪੁਲਿਸ ਐਕਟ, 2007 ਹੋਂਦ ਵਿੱਚ ਆਉਣ ਉਪਰੰਤ ਇੰਸਪੈਕਟਰ ਰੈਂਕ ਦੇ ਕਰਮਚਾਰੀਆਂ ਦੀ ਜਿਲ੍ਹਾ ਕੇਡਰ ਅਤੇ ਆਰਮਡ ਕੇਡਰ ਵਿੱਚ ਵੰਡ ਕਰਨ ਸਬੰਧੀ।

*****

ਹਵਾਲਾ ਇਸ ਦਫਤਰ ਦੇ ਪੱਤਰ ਨੰ: 8803-17/ਈ-1(1) ਮਿਤੀ 26.07.2018, ਉਪਰੋਕਤ ਵਿਸ਼ੇ ਦੇ ਸਬੰਧ ਵਿੱਚ।

2. ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਹੁਕਮਾਂ ਅਨੁਸਾਰ ਇਸ ਦਫਤਰ ਦੇ ਪੱਤਰ ਨੰ: 6663-6705/ਈ-1(1) ਮਿਤੀ 04.06.2018 ਰਾਹੀਂ ਮਿਤੀ 20.02.2008 ਤੱਕ ਦੇ 786 ਸਰਵਿੰਗ ਇੰਸਪੈਕਟਰਾਂ ਦੀ ਲਿਸਟ ਪੰਜਾਬ ਪੁਲਿਸ ਵੈਬਸਾਈਟ ਤੇ ਅਪਲੋਡ ਕੀਤੀ ਗਈ ਸੀ। ਇਸ ਲਿਸਟ ਵਿੱਚ ਦਰਜ ਆਪ ਦੇ ਅਧੀਨ ਤਾਇਨਾਤ ਕਰਮਚਾਰੀਆਂ ਤੋਂ ਆਪਸਨ ਨਿਰਧਾਰਿਤ ਪ੍ਰੋਫਾਰਮੇ ਵਿੱਚ ਕੇਡਰਵਾਈਜ ਆਪਸ਼ਨ ਲੈ ਕੇ 21 ਦਿਨਾਂ (ਮਿਤੀ 25.06.2018 ਤੱਕ) ਦੇ ਅੰਦਰ-ਅੰਦਰ ਇਸ ਦਫਤਰ ਨੂੰ ਭੇਜਣ ਲਈ ਲਿਖਿਆ ਗਿਆ ਸੀ।

3. ਇਸ ਦਫਤਰ ਦੇ ਪੱਤਰ ਨੰ: 8803-17/ਈ-1(1) ਮਿਤੀ 26.07.2018 ਰਾਹੀਂ ਵੰਡ ਕਰਨ ਉਪਰੰਤ ਜਿਲਾ ਕੇਡਰ ਦੇ 505 ਅਤੇ ਆਰਮਡ ਕੇਡਰ ਦੇ 281 ਇੰਸਪੈਕਟਰ ਰੈਂਕ ਦੇ ਕਰਮਚਾਰੀਆਂ ਦੀਆਂ ਸੂਚੀਆਂ ਪੰਜਾਬ ਪੁਲਿਸ ਦੀ ਵੈਬਸਾਈਟ ਤੇ ਅਪਲੋਡ ਕਰ ਕੀਤੀਆਂ ਗਈਆਂ ਸਨ ਅਤੇ ਇਹ ਵੀ ਲਿਖਿਆ ਗਿਆ ਸੀ ਕਿ ਕਰਮਚਾਰੀਆਂ ਨੂੰ ਇਸ ਸਬੰਧੀ ਜਾਣੂ ਕਰਵਾਇਆ ਜਾਵੇ ਅਤੇ ਲਿਖਤੀ ਤੌਰ ਤੇ ਪੁੱਛਿਆ ਜਾਵੇ ਕਿ ਉਹਨਾਂ ਨੂੰ ਇਸ ਸਬੰਧੀ ਕੋਈ ਇਤਰਾਜ ਹੈ ਜਾਂ ਨਹੀਂ।

4. ਇੰਸਪੈਕਟਰ ਰੈਂਕ ਦੇ ਕਰਮਚਾਰੀਆਂ ਦੀ ਵੰਡ ਸਬੰਧੀ ਕੋਈ ਵੀ ਇੱਤਰਾਜ ਇਸ ਦਫਤਰ ਵਿੱਚ ਪ੍ਰਾਪਤ ਨਹੀਂ ਹੋਇਆ ਹੈ ਕੇਵਲ ਪੰਜਾਬ ਸਰਕਾਰ ਵਲੋਂ ਨੋਟਿਫਿਕੇਸਨ ਨੰ: 15/14/2006-5ਗ3/30 ਮਿਤੀ 02.01.2017 ਰਾਹੀਂ ਜਿਹਨਾਂ 10 ਖਿਡਾਰੀ ਕਰਮਚਾਰੀਆਂ ਨੂੰ 05.12.2003 ਤੋਂ ਐਸ.ਆਈ ਦੀ ਬਜਾਏ ਬਤੌਰ ਇੰਸਪੈਕਟਰ ਰੀ-ਅਪੁਆਇੰਟ/ਐਡਜਸਟ ਕੀਤਾ ਗਿਆ ਹੈ, ਨੂੰ ਸੀਨੀਅਰਤਾ ਸੂਚੀ ਵਿੱਚ ਸਾਮਲ ਕਰਨ ਸਬੰਧੀ ਇਤਰਾਜ ਪ੍ਰਾਪਤ ਹੋਏ ਸਨ, ਸਬੰਧੀ ਫੈਸਲਾ ਸਪੀਕਿੰਗ ਆਰਡਰ ਨੰ: 10360-459/ਈ-1(2) ਮਿਤੀ 27.08.2018 ਰਾਹੀਂ ਕੀਤਾ ਜਾ ਚੁੱਕਾ ਹੈ।

5. ਜਿਲ੍ਹਾ ਕੇਡਰ ਦੇ 506 ਅਤੇ ਆਰਮਡ ਕੇਡਰ ਦੇ 281 ਇੰਸਪੈਕਟਰ ਰੈਂਕ ਦੇ ਕਰਮਚਾਰੀਆਂ ਦੀਆਂ ਫਾਈਨਲ ਸੀਨੀਅਰਤਾ ਸੂਚੀਆਂ ਪੰਜਾਬ ਪੁਲਿਸ ਦੀ ਵੈਬਸਾਈਟ www.punjabpolice.gov.in ਤੇ ਅਪਲੋਡ ਕਰ ਦਿੱਤੀਆਂ ਗਈਆਂ ਹਨ।

28/8
ਸੁਪਰਡੰਟ/ਅਮਲਾ-1,
ਵਾ:ਡਾਇਰੈਕਟਰ ਜਨਰਲ ਪੁਲਿਸ, ਪੰਜਾਬ।

ਨੰਬਰ: /ਈ-1(1), ਮਿਤੀ :

ਉਪਰੋਕਤ ਦਾ ਉਤਾਰਾ ਪੰਜਾਬ ਪੁਲਿਸ ਦੇ ਸਮੂਹ ਦਫਤਰਾਂ ਦੇ ਮੁੱਖੀਆਂ ਨੂੰ ਜਾਣਕਾਰੀ ਹਿੱਤ ਭੇਜਿਆ ਜਾਂਦਾ ਹੈ।

ਸੁਪਰਡੰਟ/ਅਮਲਾ-1,
ਵਾ:ਡਾਇਰੈਕਟਰ ਜਨਰਲ ਪੁਲਿਸ, ਪੰਜਾਬ।

ਨੰਬਰ: /ਈ-1(1), ਮਿਤੀ :

ਉਪਰੋਕਤ ਦਾ ਉਤਾਰਾ ਸਮੇਤ 787 ਕਰਮਚਾਰੀਆਂ ਦੀ ਸੂਚੀ, ਇੰਚਾਰਜ, ਪੰਜਾਬ ਪੁਲਿਸ ਵੈਬਸਾਈਟ ਨੂੰ ਪੰਜਾਬ ਪੁਲਿਸ ਵੈਬਸਾਈਟ ਤੇ ਅਪਲੋਡ ਕਰਨ ਲਈ ਭੇਜੀ ਜਾਂਦੀ ਹੈ।

ਸੁਪਰਡੰਟ/ਅਮਲਾ-1,
ਵਾ:ਡਾਇਰੈਕਟਰ ਜਨਰਲ ਪੁਲਿਸ, ਪੰਜਾਬ।

ਨੰਬਰ: /ਈ-1(1), ਮਿਤੀ :

ਉਪਰੋਕਤ ਦਾ ਉਤਾਰਾ ਸੁਪਰਡੰਟ/ਗੁਪਤ ਸਾਖਾ-2, ਸੀ.ਪੀ.ਓ ਪੰਜਾਬ ਨੂੰ ਸੂਚਨਾ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸੁਪਰਡੰਟ/ਅਮਲਾ-1,
ਵਾ:ਡਾਇਰੈਕਟਰ ਜਨਰਲ ਪੁਲਿਸ, ਪੰਜਾਬ।